ਸਨਮਤੀ ਸਰਕਾਰੀ ਸਾਇੰਸ ਅਤੇ ਖੋਜ ਕਾਲਜ ਜਗਰਾਉਂ ਵਿਖੇ 'ਤੀਆਂ ਦਾ ਮੇਲਾ' ਦਾ ਤਿਉਹਾਰ ਕਾਲਜ ਡਾਇਰੈਕਟਰ ਡਾ.ਰਾਜੀਵ ਕੁਮਾਰ ਸਹਿਗਲ ਜੀ ਦੀ ਦੇਖ-ਰੇਖ ਕਲਚਰਲ ਕਮੇਟੀ ਦੁਆਰਾ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸ੍ਰੀਮਤੀ ਮਨਜੀਤ ਕੌਰ ਸੋਢੀਆ ਸਾਬਕਾ ਪ੍ਰਿੰਸੀਪਲ ਸਰਕਾਰੀ ਕਾਲਜ ਲੜਕੀਆਂ ਲੁਧਿਆਣਾ, ਮੈਡਮ  ਜੋਤੀ ਜੀ,ਡਾ . ਰਾਮੇਸ਼ ਇੰਦਰ ਬਲ,ਮਿਸ ਬਲਬੀਰ ਕੌਰ ਬਜਾਜ, ਪ੍ਰੋ.ਮੇਜਰ ਸਿੰਘ ਸੋਹੀ ਜੀ ਨੇ ਸ਼ਿਰਕਤ ਕੀਤੀ।  ਪੰਜਾਬ ਦੀ ਧਰਤੀ ਤੇ ਸਾਉਣ ਦੇ ਮਹੀਨੇ ਦੇ ਤਿਉਹਾਰ ਦੀ ਅਲੱਗ ਹੀ ਪਹਿਚਾਣ ਹੈ ਤੇ ਪੰਜਾਬਣਾਂ ਇਹਨਾਂ ਨੂੰ ਬੜੀਆਂ ਉਮੰਗਾ, ਸੱਧਰਾਂ ਤੇ ਚਾਵਾਂ ਨਾਲ ਮਨਾਉਂਦੀਆਂ ਹਨ। ਅਜਿਹੇ ਤਿਉਹਾਰ ਸਾਨੂੰ ਸਾਡੇ ਵਿਰਸੇ ਨਾਲ ਜੋੜਦੇ ਹਨ ਤੇ ਪੰਜਾਬੀ ਸੱਭਿਆਚਾਰ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣ ਲਈ ਪ੍ਰੇਰਿਤ ਵੀ ਕਰਦੇ ਹਨ। ਤੀਆਂ ਦਾ ਤਿਉਹਾਰ ਖੁਸ਼ੀਆਂ, ਖੇੜੇ, ਸੱਧਰਾਂ, ਗਿੱਧੇ, ਇੱਛਾਵਾਂ, ਹਾਸਿਆਂ ਦਾ ਪ੍ਰਤੀਕ ਹੈ। ਜਿਸ ਕਰਕੇ ਪੰਜਾਬ ਦੇ ਸੱਭਿਆਚਾਰ ਵਿੱਚ ਅਲੱਗ ਹੀ ਰੰਗ ਹਨ। ਸਾਉਣ ਦੇ ਮਹੀਨੇ ਮਨਾਇਆ ਜਾਣ ਵਾਲਾ ਇਹ ਤਿਉਹਾਰ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹੈ। ਸਾਡੀਆਂ ਵਿਦਿਆਰਥਣਾਂ ਨੇ ਪੰਜਾਬੀ ਸੱਭਿਆਚਾਰ ਦੇ ਰੰਗ ਵਿਚ ਰੰਗ ਕੇ ਗਿੱਧਾ ਦੀਆਂ ਬੋਲੀਆਂ ਪਾਈਆਂ। ਪੰਜਾਬੀ ਵਿਰਸੇ ਨਾਲ ਸਬੰਧਿਤ  ਗੀਤਾਂ ਤੇ ਡਾਂਸ ਤੇ ਲੋਕ ਗੀਤ ਗਾਏ। ਇਸ ਮੌਕੇ ਕਾਲਜ ਵਿਦਿਆਰਥਣਾਂ ਵੱਲੋਂ ਸੋਲੋ ਡਾਂਸ, ਗਰੁੱਪ ਡਾਂਸ, ਗਿੱਧੇ ਦੀ ਪੇਸ਼ਕਾਰੀ ਕੀਤੀ ਗਈ ।ਇਸ ਸਮਾਰੋਹ  ਵਿੱਚ ਵੱਖ-ਵੱਖ ਕਲਾਸਾਂ ਦੀਆਂ ਵੀਹ ਵਿਦਿਆਰਥਣਾਂ ਨੇ 'ਤੀਆਂ ਦੀ ਰਾਣੀ' ਖਿਤਾਬ ਲਈ ਆਪਣੇ ਹੁਨਰ ਦਿਖਾਏ। ਪ੍ਰਸ਼ਨੋਤਰੀ ਮੁਕਾਬਲੇ ਵਿੱਚ ਅਤੇ ਹੁਨਰ ਮੁਕਾਬਲੇ

ਵਿੱਚੋਂ ਤਿੰਨ ਵਿਦਿਆਰਥਣਾਂ ਨੇ ਖਿਤਾਬ ਹਾਸਿਲ ਕੀਤੇ।

